# India strongly condemns the terrorist attack on Sayed al-Shuhada Girls school in Kabul

May 09, 2021

……………………………………………………………………………………………………………

# ਭਾਰਤ ਵੱਲੋਂ ਕਾਬੁਲ ਦੇ ਸਈਦ-ਅਲ-ਸ਼ੁਹਾਦਾ ਗਰਲਜ਼ ਸਕੂਲ 'ਤੇ ਹੋਏ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ

9 ਮਈ, 2021

ਅਸੀਂ ਪਵਿੱਤਰ ਰਮਜ਼ਾਨ ਮਹੀਨੇ ਦੌਰਾਨ ਕੱਲ ਕਾਬੁਲ ਦੇ ਸਈਦ-ਅਲ-ਸ਼ੁਹਾਦਾ ਗਰਲਜ਼ ਸਕੂਲ 'ਤੇ ਹੋਏ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ ਕਰਦੇ ਹਾਂ, ਜਿਸਦੇ ਨਤੀਜੇ ਵਜੋਂ 50 ਤੋਂ ਵੱਧ ਮਾਸੂਮ ਵਿਦਿਆਰਥਣਾਂ ਦੀ ਮੌਤ ਹੋ ਗਈ। ਸਾਡੀਆਂ ਸੰਵੇਦਨਾਵਾਂ ਅਤੇ ਅਰਦਾਸਾਂ ਉਨ੍ਹਾਂ ਕੁੜੀਆਂ ਦੇ ਪਰਿਵਾਰਾਂ ਅਤੇ ਦੋਸਤਾਂ ਨਾਲ ਹਨ, ਜਿਨ੍ਹਾਂ ਨੇ ਇਸ ਵਹਿਸ਼ੀਆਨਾ ਹਮਲੇ ਵਿੱਚ ਆਪਣੀਆਂ ਜਾਨਾਂ ਗੁਆ ਦਿੱਤੀਆਂ।

ਛੋਟੀਆਂ ਕੁੜੀਆਂ ਨੂੰ ਨਿਸ਼ਾਨਾ ਬਣਾਉਣਾ ਅਫਗਾਨਿਸਤਾਨ ਦੇ ਭਵਿੱਖ 'ਤੇ ਹਮਲਾ ਕਰਨਾ ਹੈ। ਹਮਲੇ ਦੇ ਦੋਸ਼ੀਆਂ ਨੇ ਸਾਫ ਤੌਰ ਤੇ ਪਿਛਲੇ ਦੋ ਦਹਾਕਿਆਂ ਵਿੱਚ ਅਫਗਾਨੀ ਲੋਕਾਂ ਵੱਲੋਂ ਮੁਸ਼ਕਿਲਾਂ ਅਤੇ ਔਕੜਾਂ ਝੱਲ ਕੇ ਹਾਸਿਲ ਕੀਤੀਆਂ ਪ੍ਰਾਪਤੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਹ ਘਟਨਾ ਇਕ ਵਾਰ ਫਿਰ ਤੋਂ ਅੱਤਵਾਦੀ ਪਨਾਗਾਹਾਂ ਨੂੰ ਖਤਮ ਕਰਨ ਅਤੇ ਸ਼ਾਂਤੀ ਪ੍ਰਕਿਰਿਆ ਨੂੰ ਸਾਰਥਕ ਅਤੇ ਟਿਕਾਊ ਬਣਾਉਣ ਵਾਸਤੇ ਵਿਆਪਕ ਦੇਸ਼ ਵਿਆਪੀ ਜੰਗਬੰਦੀ ਲਾਗੂ ਕਰਨ ਦੀ ਫੌਰੀ ਲੋੜ ਨੂੰ ਦਰਸਾਉਂਦੀ ਹੈ।

ਭਾਰਤ ਨੇ ਹਮੇਸ਼ਾ ਹੀ ਅਫਗਾਨੀ ਨੌਜਵਾਨਾਂ ਨੂੰ ਸਿੱਖਿਅਤ ਕਰਨ ਦੀ ਹਿਮਾਇਤ ਕੀਤੀ ਹੈ ਅਤੇ ਇਹ ਅਫਗਾਨਿਸਤਾਨ ਦੀ ਤਰੱਕੀ ਅਤੇ ਵਿਕਾਸ ਪ੍ਰਤੀ ਵਚਨਬੱਧ ਹੈ।

ਨਵੀਂ ਦਿਲੀ
9 ਮਈ, 2021

DISCLAIMER: This is an approximate translation. The original is available in English on MEA’s website and may be referred to as the official press release.